# ਨਿਰੰਕਾਰੀ ਪ੍ਰਮੁੱਖ ਬਾਬਾ ਹਰਦੇਵ ਸਿੰਘ ਦੀ ਕੈਨੇਡਾ 'ਚ ਕਾਰ ਹਾਦਸੇ 'ਚ ਹੋਈ ਮੌਤ


ਬਾਬਾ ਹਰਦੇਵ ਸਿੰਘ ਦੀ ਪੁਰਾਣੀ ਤਸਵੀਰ ਅਤੇ ਕੇਨੈਡਾ ਵਿੱਚ ਹਾਦਸ਼ਾਗ੍ਰਸਤ ਹੋਈ ਉਨ੍ਹਾ ਦੀ ਗੱਡੀ

**ਮਾਨਟਰੀਅਲ/ ਭਜਨ ਸਿੰਘ ਬਾਹਬਾ**

ਕੈਨੇਡਾ ਦੇ ਮਾਂਟਰੀਅਲ 'ਚ ਸ਼ੁੱਕਰਵਾਰ ਨੂੰ ਅਮਰੀਕਾ ਤੋਂ ਕੈਨੇਡਾ ਜਾਂਦੇ ਸਮੇਂ ਇਕ ਸੜਕ ਹਾਦਸੇ ਦੌਰਾਨ ਨਿਰੰਕਾਰੀ ਪ੍ਰਮੁੱਖ ਬਾਬਾ ਹਰਦੇਵ ਸਿੰਘ ਦੀ ਕੈਨੇਡਾ ਦੇ ਮਾਨਟਰੀਅਲ 'ਚ ਕਾਰ ਹਾਦਸੇ 'ਚ ਮੌਤ ਹੋ ਗਈ ਹੈ। ਦੁਰਘਟਨਾ ਦਾ ਕਾਰਨ ਗੱਡੀ ਦਾ ਟਾਇਰ ਫਟਣਾ ਦੱਸਿਆ ਜਾ ਰਿਹਾ ਹੈ। ਹਾਦਸੇ ਵੇਲੇ ਉਨ੍ਹਾਂ ਦੇ ਦੋ ਜਵਾਈ ਵੀ ਨਾਲ ਸੀ ਜਿਨ੍ਹਾਂ 'ਚੋਂ ਇਕ ਦੀ ਮੌਤ ਹੋ ਗਈ ਤੇ ਇਕ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਬਾਬਾ ਦਾ ਪਰਿਵਾਰ ਇਸ ਵੇਲੇ ਕੈਨੇਡਾ ਵਿਚ ਹੈ। ਬਾਬਾ ਜੀ ਦੇ ਦੇਹਾਂਤ ਦੀ ਪੁਸ਼ਟੀ ਨਿਰੰਕਾਰੀ ਸਮਾਜ ਵਲੋਂ ਕਰਨ ਮਗਰੋਂ ਨਿਰੰਕਾਰੀ ਸੰਗਤ 'ਚ ਸੋਗ ਦੀ ਲਹਿਰ ਹੈ। ਬਾਬਾ ਹਰਦੇਵ ਸਿੰਘ 62 ਸਾਲ ਦੇ ਸਨ। ਉਹ 1971 ਵਿੱਚ ਨਿਰੰਕਾਰੀ ਸੰਪ੍ਰਦਾ ਨਾਲ ਜੁੜੇ ਸੀ ਅਤੇ 1980 ਵਿੱਚ ਉਹ ਨਿਰੰਕਾਰੀ ਸੰਪ੍ਰਦਾ ਦੇ ਮੁੱਖੀ ਬਣੇ ਸੀ। ਬਾਬਾ ਹਰਦੇਵ ਸਿੰਘ ਜੀ ਦਾ ਜਨਮ ਦਿੱਲੀ 'ਚ 23 ਫਰਵਰੀ, 1954 'ਚ ਗੁਰਬਚਨ ਸਿੰਘ ਅਤੇ ਕੁਲਵੰਤ ਕੌਰ ਦੇ ਘਰ ਹੋਇਆ ਸੀ। ਸਕੂਲੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਬਾਬਾ ਜੀ ਨੇ ਦਿੱਲੀ ਯੂਨੀਵਰਸਿਟੀ 'ਚ ਅਧਿਐਨ ਕੀਤਾ ਅਤੇ ਨਿਰੰਕਾਰੀ ਸੇਵਾ ਦਲ 'ਚ ਸ਼ਾਮਲ ਹੋ ਗਏ। ਇਸ ਤੋਂ ਬਾਅਦ 1975 'ਚ ਉਨ੍ਹਾਂ ਨੇ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੌਰਾਨ ਮਾਤਾ ਸਵਿੰਦਰ ਕੌਰ ਨਾਲ ਵਿਆਹ ਕਰ ਲਿਆ। ਦੱਸਣਯੋਗ ਹੈ ਕਿ ਸੰਤ ਨਿਰੰਕਾਰੀ ਬਾਬੇ ਦੇ 27 ਦੇਸ਼ਾਂ 'ਚ 100 ਤੋਂ ਵੱਧ ਡੇਰੇ ਹਨ। ਬਾਬਾ ਜੀ ਬੀਤੇ ਮਹੀਨੇ ਤੋਂ ਅਮਰੀਕਾ ਵਿਚ ਸਨ ਅਤੇ ਨਿਰੰਕਾਰੀ ਇਟਰਨੈਸ਼ਨਲ ਸਮਾਗਮਾਂ 'ਚ ਸ਼ਾਮਿਲ ਹੋ ਰਹੇ ਸਨ। ਹਾਲ ਹੀ 'ਚ ਦਿੱਲੀ 'ਚ ਉਨ੍ਹਾਂ ਦਾ ਇਕ ਵੱਡਾ ਪ੍ਰੋਗਰਾਮ ਹੋਣਾ ਸੀ।

## ਰਾਣੀ ਮਾਹਲ ਨਾਪਾ ਦੀ ਮਿਸ਼ੀਗਨ ਸਟੇਟ ਚੈਪਟਰ ਦੀ ਚੇਅਰਪਰਸਨ ਨਿਯੁਕਤ - ਧੂਤ



**ਮਿਸ਼ੀਗਨ/ ਬਿਓਰੋ**

ਮਿਸ਼ੀਗਨ ਸਟੇਟ ਦੇ ਸਮਾਜਕ, ਵਪਾਰਕ ਤੇ ਰਾਜਨੀਤਕ ਹਲਕਿਆਂ ਵਿਚ ਸਨਮਾਨ ਯੋਗ ਥਾਂ ਬਣਾ ਕੇ ਰਖਣ ਵਾਲੀ ਰਾਣੀ ਮਾਹਲ ਨੂੰ ਉਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮੁਖ ਰਖਦਿਆਂ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਮਿਸ਼ੀਗਨ ਸਟੇਟ ਚੈਪਟਰ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਨਾਪਾ ਦੇ ਕੌਮੀ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਦਸਿਆ ਕਿ ਉਹਨਾਂ ਨੂੰ ਸਟੇਟ ਦੀ ਪੂਰੀ ਟੀਮ ਚੁਣਨ ਦੇ ਅਧਿਕਾਰ ਦਿਤੇ ਗਏ ਹਨ।

ਸ. ਧੂਤ ਨੇ ਦਸਿਆ ਕਿ ਰਾਣੀ ਮਾਹਲ ਇਕ ਫਰੀਡਮ ਫਾਈਟਰ ਦੀ ਬੇਟੀ ਹੈ ਜਿਸਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸਤਾਰਾਂ ਸਾਲ ਦੀ ਉਮਰ ਵਿਚ ਹੀ ਆਪਣਾ ਘਰ ਤਿਆਗ ਕੇ ਅਜ਼ਾਦੀ ਦੇ ਸੰਗਰਾਮ ਵਿਚ ਸ਼ਮੂਲੀਅਤ ਕਰ ਲਈ ਸੀ। ਰਾਣੀ ਮਾਹਲ ਦੀ ਇਸ ਨਿਯੁਕਤੀ ਉਪਰ ਆਪਣੀ ਖੁਸ਼ੀ ਦਾ ਪਰਗਟਾਵਾ ਕਰਦਿਆਂ ਨਾਪਾ ਆਗੂ ਡਾ.ਗੁਰਦੀਪ ਸਿੰਘ ਬੁਟਰ, ਡਾ.ਅਜਿੰਦਰ ਸਿੰਘ ਢੱਟ, ਗੁਰਨਾਮ ਸਿੰਘ ਸੰਧਰ, ਗੁਰਿਦਰ ਸਿੰਘ ਰਣਦੇਵ, ਰਾਜਬੀਰ ਸਿੰਘ ਢਿਲੋਂ, ਮੋਹਨਬੀਰ ਸਿੰਘ ਗਰੇਵਾਲ, ਬਹਾਦੁਰ ਸਿੰਘ ਸੇਲਮ, ਬਲਵੰਤ ਸਿੰਘ ਮਨਟਿਕਾ ਤੇ ਮੇਜਰ ਐਚ. ਐਸ ਰੰਧਾਵਾ ਨੇ ਕਿਹਾ ਕਿ ਰਾਣੀ ਮਾਹਲ ਵਲੋਂ ਨਾਪਾ ਦੇ ਸਟੇਟ ਚੈਪਟਰ ਦੀ ਚੇਅਰਪਰਸਨ ਵਜੋਂ ਜ਼ੁੰਮੇਵਾਰੀ ਸੰਭਾਲਣ ਮਗਰੋਂ ਐਸੋਸ਼ੀਏਸ਼ਨ ਹੋਰ ਮਜਬੂਤ ਹੋਵੇਗੀ। ਉਹਨਾਂ ਆਸ ਪਰਗਟ ਕੀਤੀ ਕਿ ਰਾਣੀ ਮਾਹਲ ਆਪਣੀ ਅਣਥਕ ਮਿਹਨਤ ਤੇ ਇਮਾਨਦਾਰੀ ਸਦਕਾ ਲੋਕਾਂ ਦੀਆਂ ਆਸਾਂ ਤੇ ਉਮੀਦਾਂ ਉਪਰ ਪੂਰਾ ਪੂਰਾ ਉਤਰੇਗੀ।

## ਬਰਾਕ ਓਬਾਮਾ ਨੇ ਭਾਰਤੀ ਅਮਰੀਕੀ ਸਿੱਖ ਮਨਜੀਤ ਸਿੰਘ ਨੂੰ ਅਹਿਮ ਪ੍ਰਸ਼ਾਸਨਿਕ ਅਹੁਦਾ ਦਿੱਤਾ




**ਅਮਰੀਕਾ (ਵਿਰਜੀਨੀਆ) / ਬਿਓਰੋ**

ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇੱਕ ਭਾਰਤੀ ਅਮਰੀਕੀ ਇਜੀਨੀਅਰ ਸਿੱਖ ਨੂੰ ਅਹਿਮ ਪ੍ਰਸ਼ਾਸਨਿਕ ਅਹੁਦੇ 'ਤੇ ਸਲਾਹਕਾਰ ਅਹੁੱਦੇ ਨਾਲ ਨਿਵਾਜਿਆ ਹੈ ਇਸ ਖਬਰ ਨਾਲ ਸਮੁੱਚੇ ਸਿੱਖ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

'ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ' ਦੇ ਸਹਿ-ਸੰਸਥਾਪਕ ਮਨਜੀਤ ਸਿੰਘ ਨੂੰ 'ਫੇਥ ਬੇਸਡ ਐਂਡ ਨੇਬਰਹੁਡ ਪਾਰਟਨਰਸ਼ਿਪ' ਉਤੇ ਰਾਸ਼ਟਰਪਤੀ ਦੀ ਸਲਾਹਕਾਰ ਪ੍ਰੀਸ਼ਦ ਦੇ ਮੈਂਬਰ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ। ਮਨਜੀਤ ਸਿੰਘ ਜੋ ਪੇਸ਼ੇ ਵਜੋਂ ਇਜੀਨੀਅਰ ਹਨ ਨੇ ਕੰਮਪਿਊਟਰ ਵਿਚ ਨਿਊਯਾਰਕ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ ਤੇ ਉਹ ਇਕ ਸਾਫਟਵੇਅਰ ਕੰਪਨੀ ਦੇ ਪ੍ਰਧਾਨ ਹਨ। ਸਾਫ਼ਟਵੇਅਰ ਕੰਸਲਿਟ ਕੰਪਨੀ ਐਜਿਲੀਅਸ ਦੇ ਪ੍ਰਧਾਨ ਮਨਜੀਤ ਸਿੰਘ ਨੇ ਕੰਪਨੀ ਦੀ ਸਥਾਪਨਾ ਸਾਲ 2013 ਵਿੱਚ ਕੀਤੀ ਸੀ। ਉਹ ਸਿੱਖ ਅਮਰੀਕਨ ਲੀਗਲ ਡਿਫੈਂਸ ਤੇ ਐਜੂਕੇਸ਼ਨ ਫੰਡ ਦੇ ਕੋ-ਸੰਸਥਾਪਿਕ ਤੇ ਮੌਜੂਦਾ ਬੋਰਡ ਚੇਅਰ ਹਨ।

ਮਨਜੀਤ ਸਿੰਘ ਦੀ ਨਿਯੁਕਤੀ ਦੇ ਐਲਾਨ ਨਾਲ ਅਮਰੀਕੀ ਰਾਸ਼ਟਰਪਤੀ ਨੇ ਉਨਾਂ ਨਾਲ ਕਈ ਹੋਰ ਨਿਯੁਕਤੀਆਂ ਵੀ ਕੀਤੀਆਂ। ਓਬਾਮਾ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਸਾਰੇ ਜਨਤਕ ਸੇਵਕ ਆਪਣੀ ਅਹਿਮ ਭੂਮਿਕਾ ਲਈ ਆਪਣੇ ਤਜ਼ਰਬੇ ਅਤੇ ਜ਼ਬਰਦਸਤ ਸਮਰਪਣ ਦੀ ਭਾਵਨਾ ਲੈ ਕੇ ਆਏ ਹਨ ਇਨ੍ਹਾਂ ਨਾਲ ਕੰਮ ਕਰਨ ਨੂੰ ਲੈ ਕੇ ਮੈਨੂੰ ਬਹੁਤ ਉਮੀਦਾਂ ਹਨ।

# ਤਸਵੀਰਾਂ ਬੋਲਦੀਆਂ


ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਬਿਆਸ ਪੁਲ ਤੇ ਜਾਣ ਸਮੇਂ ਆਪਣੇ ਜੱਥੇ ਨਾਲ।


ਪੰਜਾਬੀ ਗਾਇਕਾ ਪਰਮਜੀਤ ਧੰਜਲ ਦੀ ਧਾਰਮਿਕ ਕੈਸਿਟ 'ਦਰ ਅੰਬੇ ਰਾਣੀ ਦਾ' ਰੀਲੀਜ ਕਰਦੇ ਹੋਏ ਮੁੱਖ ਸੇਵਾਦਾਰ ਬਾਬਾ ਭੋਲਾ ਭਗਤ ਜੀ ਅਤੇ ਹੋਰ ਸੰਤ ਮਹਾਪੁਰਖ।


ਭਾਈਰੂਪਾ ਵਿਖੇ ਅੱਖਾਂ ਦੇ ਕੈਂਪ ਦਾ ਉਦਘਾਟਨ ਕਰਦੇ ਹੋਏ ਬਲਤੇਜ ਸਿੰਘ ਬਿੱਟੂ ਅਲਬੇਲਾ ਤੇ ਪ੍ਰਬੰਧਕ। ਤਸਵੀਰ : ਰਾਜਿੰਦਰ ਸਿੰਘ ਮਰਾਹੜ


'ਮਹਿਕ ਵਤਨ ਦੀ ਲਾਈਵ' ਮੈਗਜ਼ੀਨ ਰਿਲੀਜ਼ ਕਰਦੇ ਹੋਏ ਪੱਤਰਕਾਰ ਸਾਧੂ ਰਾਮ ਲੰਗੇਆਣਾ, ਗੁਰਦੀਪ ਸਿੰਘ ਚੀਮਾ, ਬੂਟਾ ਗੁਲਾਮੀ ਵਾਲਾ, ਜਸਵੀਰ ਸ਼ਰਮਾ ਦੱਦਾਹੂਰ ਅਤੇ ਹੋਰ ਪਤਵੰਤੇ

# ਕੇਜਰੀਵਾਲ ਸੰਤ ਢੱਡਰੀਆਂ ਵਾਲਿਆਂ ਤੇ ਹੋਏ ਜਾਨਲੇਵਾ ਹਮਲੇ ਦਾ ਦੁੱਖ ਪ੍ਰਗਟ ਕਰਨ ਪਰਮੇਸ਼ਰ ਦੁਆਰ ਆਏ

**ਪਟਿਆਲਾ/ ਬਿਓਰੋ:**

ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਬੀਤੇ ਦਿਨੀ ਗੁਰਦੁਆਰਾ ਪਰਮੇਸ਼ਰ ਦੁਆਰ ਵਿਖੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਤੇ ਹੋਏ ਜਾਨਲੇਵਾ ਹਮਲੇ ਦੇ ਸਬੰਧ ਵਿੱਚ ਉਨ੍ਹਾਂ ਨਾਲ ਦੁੱਖ ਪ੍ਰਗਟ ਕਰਨ ਆਏ ਸਨ।

ਕੇਜਰੀਵਾਲ ਨੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨਾਲ ਲਗਪਗ 40-45 ਮਿੰਟ ਬੰਦ ਕਮਰਾ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਕੇਜਰੀਵਾਲ ਜਿਉਂ ਹੀ ਬਾਹਰ ਆਏ ਤਾਂ ਪੱਤਰਕਾਰਾਂ ਨੇ ਉਨ੍ਹਾਂ ਨਾਲ ਗੱਲ ਕਰਨੀ ਚਾਹੀ ਪਰ ਕੇਜਰੀਵਾਲ ਨੇ ਕਿਸੇ ਨਾਲ ਕੋਈ ਗੱਲ ਨਹੀਂ ਕੀਤੀ। ਕੇਜਰੀਵਾਲ ਨੇ 'ਆਪ' ਵਰਕਰਾਂ ਨਾਲ ਵੀ ਕੋਈ ਗੱਲ ਨਹੀਂ ਕੀਤੀ।

ਕੇਜਰੀਵਾਲ ਦੇ ਜਾਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਕੇਜਰੀਵਾਲ ਉਨ੍ਹਾਂ ਕੋਲ ਵਾਪਰੀ ਮੰਦਭਾਗੀ ਘਟਨਾ 'ਤੇ ਦੁੱਖ ਪ੍ਰਗਟ ਕਰਨ ਆਏ ਸਨ ਤੇ ਇਸ ਤੋਂ ਇਲਾਵਾ ਹੋਰ ਕੋਈ ਗੱਲ ਨਹੀਂ ਹੋਈ।

ਇਸ ਮੌਕੇ ਸੁੱਚਾ ਸਿੰਘ ਛੋਟੇਪੁਰ, ਪ੍ਰੋ: ਸਾਧੂ ਸਿੰਘ, ਦਿੱਲੀ ਦੇ ਵਿਧਾਇਕ ਜਰਨੈਲ ਸਿੰਘ, ਸੁਖਪਾਲ ਸਿੰਘ ਖਹਿਰਾ, ਐਚ. ਐਸ. ਫੂਲਕਾ, ਜੱਸੀ, ਸੇਖੋਂ, ਡਾ: ਹਰਕੇਸ਼ ਸਿੰਘ ਸਿੱਧੂ, ਮਹਿਲਾ ਵਿੰਗ ਦੇ ਸੂਬਾ ਕਨਵੀਨਰ ਪ੍ਰੋ: ਬਲਜਿੰਦਰ ਕੌਰ, ਅਮਨ ਅਰੋੜਾ, ਬਚਨ ਬੇਦਿਲ, ਡਾ: ਅਮਨਦੀਪ ਕੌਰ ਗੋਸਲ, ਅਬਜਿੰਦਰ ਸਿੰਘ ਸੰਘਾ ਆਦਿ ਮੁੱਖ ਤੌਰ 'ਤੇ ਹਾਜ਼ਰ ਸਨ।


ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨਾਲ ਮੁਲਾਕਾਤ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ